# ਮਿਤੀ 07-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ: 88<br>ਮਿਤੀ:07-12-22<br>ਜੁਰਮ:323,325,34<br>ਆਈ.ਪੀ.ਸੀ<br>ਥਾਣਾ:- ਸਿਟੀ ਕੁਰਾਲੀ | ਕ੍ਰਿਸਨ ਲਾਲ ਪੁੱਤਰ ਅਰਜਨ ਸਿੰਘ ਵਾਸੀ ਮਕਾਨ ਨੰ:2262 05 ਕੁਰਾਲੀ | 1.ਜਗਦੀਪ ਅਗਰਵਾਲ ਪੁੱਤਰ ਰਮੇਸ ਕੁਮਾਰ ਅਗਰਵਾਲ ਵਾਰਡ ਨੰ:1ਤੋ 17 ਕੁਰਾਲੀ 2.ਰਮੇਸ ਕੁਮਾਰ ਅਗਰਵਾਲ ਵਾਰਡ ਨੰ:1ਤੋ 17 ਕੁਰਾਲੀ 3.ਸਿੱਲੀ 4.ਸੰਜੂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਸਨੀ ਮੰਦਰ ਕੁਰਾਲੀ ਦੇ ਨੇੜੇ ਫੋਟੋ ਸਟੇਟ ਦੀ ਦੁਕਾਨ ਕਰਦਾ ਹਾਂ ਮੇਰੀ ਦੁਕਾਨ ਦੇ ਬਿਲਕੁਲ ਸਾਹਮਣੇ ਰਮੇਸ ਕੁਮਾਰ ਅਗਰਵਾਲ ਦੀ ਅਸਟਾਮਾ ਦੀ ਦੁਕਾਨ ਹੈ ਕੱਲ੍ਹ ਮਿਤੀ 14.11.2022 ਨੂੰ ਮੈ ਆਪਣੀ ਦੁਕਾਨ ਪਰ ਹਾਜਰ ਸੀ ਤਾਂ ਰਮੇਸ ਕੁਮਾਰ ਆਪਣੀ ਦੁਕਾਨ ਦਾ ਕੂੜਾ ਕਰਕਟ ਮੇਰੀ ਦੁਕਾਨ ਦੇ ਅੰਦਰ ਸੁੱਟ ਜਾਂਦੇ ਸੀ ਜਦੋ ਮੈ ਰੋਕਿਆ ਤਾ ਰਮੇਸ ਕੁਮਾਰ ਬਹਿਸ ਕਰਨ ਲੱਗ ਪਿਆ ਤੇ ਉਸਦਾ ਲੜਕਾ ਜਗਦੀਪ ਆ ਕੇ ਮੇਰੇ ਗਲ ਪੈ ਗਿਆ ਜਿਹਨਾ ਮੇਰੀ ਕੁੱਟਮਾਰ ਕੀਤੀ ਆਸ ਪਾਸ ਦੇ ਲੋਕਾ ਨੇ ਮੈਨੂੰ ਛੁਡਵਾਇਆ। |
| 2 | ਮੁਕੱਦਮਾ ਨੰ:384<br>ਮਿਤੀ:07-12-22<br>ਜੁਰਮ: 346<br>ਆਈ.ਪੀ.ਸੀ<br>ਥਾਣਾ:- ਡੇਰਾਬੱਸੀ | ਗੁਰਦੀਪ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਕਕਰਾਲੀ ਥਾਣਾ ਡੇਰਾਬੱਸੀ ਉਮਰ 45 ਸਾਲ 98150-27759 | ਨਾ-ਮਾਲੂਮ ਵਿਅਕਤੀਆ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰਾ ਲੜਕਾ ਸਤਵੀਰ ਸਿੰਘ ਉਮਰ 11 ਸਾਲ ਹੈ ਜਿਸਦੇ ਨਾਲ ਦਿਲਕਸ ਪੁੱਤਰ ਅਸੋਕ ਕੁਮਾਰ ਉਮਰ 08 ਸਾਲ,ਦਿਵੇਸ ਪੁੱਤਰ ਅਜੇਪਾਲ ਵਾਸੀਆਨ ਬਿਹਾਰ ਹਾਲ ਵਾਸੀ ਚਰਨਜੀਤ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਕਕਰਾਲੀ ਜਿਲ੍ਹਾ ਮੋਹਾਲੀ ਵਿੱਚ ਸਾਡੇ ਇੱਕਠੇ ਹੀ ਪੜ੍ਹਦੇ ਹਨ ਜੋ ਮਿਤੀ 06.12.22 ਨੂੰ ਸਕੂਲ ਤੋ ਘਰ ਆ ਗਏ ਫਿਰ ਵਕਤ 03:30ਪੀ.ਐਮ ਪਰ ਸਾਨੂੰ ਇਹ ਕਹਿ ਕੇ ਗਏ ਕਿ ਅਸੀ ਘੁੰਮਣ ਲਈ ਟੂਰ ਪਰ ਜਾਣਾ ਹੈ ਉਸਤੋ ਬਾਅਦ ਸਾਨੂੰ ਪਤਾ ਲੱਗਾ ਕਿ ਵਿਸਾਲ ਉਕਤ ਵੀ ਇਹਨਾ ਨਾਲ ਗਿਆ ਹੈ ਜੋ ਹੁਣ ਤੱਕ ਘਰ ਨਹੀ ਆਏ ਜਿਹਨਾ ਦੀ ਅਸੀ ਆਪਣੇ ਤੌਰ ਤੇ ਭਾਲ ਕਰਦੇ ਰਹੇ ਪਰ ਕਿਤੇ ਨਹੀ ਮਿਲ ਸਾਨੂੰ ਸੱਕ ਹੈ ਕਿ ਸਾਡੇ ਬੱਚਿਆ ਨੂੰ ਕਿਸੇ ਨਾ-ਮਾਲੂਮ ਵਿਅਕਤੀਆ ਨੇ ਦੋਸਪੂਰਵਕ ਇਰਾਦੇ ਨਾਲ ਰੱਖਣ ਲਈ ਕਿਸੇ ਨਾ-ਮਾਲੂਮ ਜਗ੍ਹਾ ਪਰ ਲੈ ਕੇ ਗਿਆ ਹੈ ਤੇ ਚਾਰਿਆ ਬੱਚਿਆ ਨੂੰ ਲੁਕਾ ਕੇ ਰੱਖਿਆ ਹੈ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਜੀ। |
| 3 | ਮੁਕੱਦਮਾ ਨੰ:385<br>ਮਿਤੀ:07-12-22<br>ਜੁਰਮ: 454,380<br>ਆਈ.ਪੀ.ਸੀ<br>ਥਾਣਾ:- ਡੇਰਾਬੱਸੀ | ਕਰੁਨ ਜੈਨ ਪੁੱਤਰ ਸੁਰਿੰਦਰ ਕੁਮਾਰ ਵਾਸੀ ਮਕਾਨ ਨੰ:906/8 ਜੈਨ ਸਟ੍ਰੀਟ ਡੇਰਾਬੱਸੀ ਜਿਲ੍ਹਾ ਮੋਹਾਲੀ | ਨਾ-ਮਾਲੂਮ ਵਿਅਕਤੀਆ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਜੈਨ ਇਲੈਕਟ੍ਰੀਕਲ ਸੋਪ ਨੇੜੇ ਗ੍ਰੀਨ ਸਵੀਟਸ ਮੇਨ ਬਜਾਰ ਡੇਰਾਬੱਸੀ ਵਿਖੇ ਆਪਣੀ ਦੁਕਾਨ ਚਲਾਉਦਾ ਹਾਂ ਅਤੇ ਅੱਜ ਜਦੋ ਮੈ ਆਪਣੀ ਸੋਪ ਨੇੜੇ ਪੈਂਦੀ ਸੋਪ ਤੇ ਗਿਆ ਤਾਂ 20 ਮਿੰਟ ਬਆਦ ਵਾਪਸ ਆਪਣੀ ਦੁਕਾਨ ਤੇ ਆਇਆ ਤਾਂ ਮੇਰੀ ਦੁਕਾਨ ਤੋ ਗੋਲਡ ਮੈਡਲ ਅਤੇ ਪਲੇਅ ਫਿਟਿੰਗ ਵਾਲੀ ਤਾਰਾ ਮੌਜੂਦ ਨਹੀ ਸੀ ਜਦੋ ਮੈ ਆਪਣੇ ਨਾਲ ਵਾਲੇ ਸੀ.ਸੀ.ਟੀ.ਵੀ ਵਿੱਚ ਦੇਖਿਆ ਤਾਂ ਕਿਸੇ ਅਣਜਾਣ ਵਿਅਕਤੀ ਨੇ ਮੇਰੀਆ ਬਿਜਲੀ ਦੀਆ ਤਾਰਾ ਚੋਰੀ ਕਰ ਲਈਆ ਹਨ। |
| 4 | ਮੁਕੱਦਮਾ ਨੰ:187<br>ਮਿਤੀ:07-12-22<br>ਜੁਰਮ:279,304ਏ,427<br>ਆਈ.ਪੀ.ਸੀ<br>ਥਾਣਾ:- ਲਾਲੜੂ | ਹਰਜਿੰਦਰ ਸਿੰਘ ਪੁੱਤਰ ਨਾਥ ਸਿੰਘ | ਨਾ-ਮਾਲੂਮ ਕਾਰ ਦਾ ਨਾ-ਮਾਲੂਮ ਡਰਾਈਵਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਮਿਤੀ 27,28/11/2022 ਦੀ ਦਰਮਿਆਨੀ ਰਾਤ ਨੂੰ ਵਕਤ ਕਰੀਬ 01:00ਏ.ਐਮ ਪਰ ਮੈ ਆਪਣੇ ਮੋਟਰਸਾਈਕਲ ਤੇ ਸਵਾਰ ਹੋ ਕੇ ਆਪਣਾ ਕੰਮ ਕਰਕੇ ਡੇਰਾਬੱਸੀ ਤੋ ਲੈਹਲੀ ਲਾਲੜੂ ਵੱਲ ਆਪਣੇ ਘਰ ਆ ਰਿਹਾ ਸੀ ਤਾਂ ਮੇਰੇ ਅੱਗੇ ਇੱਕ ਮੋਟਰਸਾਈਕਲ ਸਵਾਰ ਜਾ ਰਿਹਾ ਸੀ ਜਿਸਨੇ ਆਪਣਾ ਮੋਟਰਸਾਈਕਲ ਦੱਪਰ ਫਲਾਈਓਵਰ ਦੇ ਥੱਲੇ ਕਰ ਲਿਆ ਤਾਂ ਮੈ ਵੀ ਉਸਦੇ ਪਿੱਛੇ ਆਪਣਾ ਮੋਟਰਸਾਈਕਲ ਲਗਾ ਲਿਆ ਤਾਂ ਪਿੱਛੋ ਇੱਕ ਚਿੱਟੇ ਰੰਗ ਦੀ ਕਾਰ ਬੜੀ ਤੇਜ ਰਫਤਾਰੀ ਤੇ ਅਣਗਹਿਲੀ ਨਾਲ ਆਈ ਜਿਸਨੇ ਮੇਰੇ ਅੱਗੇ ਜਾਂਦੇ ਮੋਟਰਸਾਈਕਲ ਸਵਾਰ ਦੇ ਪਿੱਛੋ ਟੱਕਰ ਮਾਰੀ ਜੋ ਸੜਕ ਤੇ ਡਿੱਗ ਗਿਆ ਤੇ ਕਾਰ ਚਾਲਕ ਮੌਕੇ ਤੋ ਭੱਜ ਗਿਆ ਮੈ ਮੋਟਰਸਾਈਕਲ ਚਾਲਕ ਨੂੰ ਸੰਭਾਲਣ ਲੱਗ ਪਿਆ ਜੋ ਬੇਹੋਸ ਹੋ ਗਿਆ ਦੱਪਰ ਟੋਲ ਪਲਾਜੇ ਤੋ ਐਂਬੂਲੈਂਸ ਆਈ ਜਿਸਨੂੰ ਜੀ.ਐਮ.ਸੀ.ਐੱਚ ਸੈਕਟਰ-32 ਚੰਡੀਗੜ੍ਹ ਲੈ ਗਈ ਜਿਸਦੀ ਦੌਰਾਨੇ ਇਲਾਜ ਮੌਤ ਹੋ ਗਈ। |